Save the Children®



# ਸਟੈਂਡਰਡ ਸੰਚਾਲਨ ਵਿਧੀ

## ਬਾਲ ਅਧਿਕਾਰਾਂ ਦੀ ਉਲੰਘਣਾ ਦੀ
## ਰਿਪੋਰਟਿੰਗ ਅਤੇ ਇਸ ਦੇ ਨਿਪਟਾਰੇ ਲਈ ਸੀ ਪੀ ਸੀ ਲਈ

**Produced Under**
**"Strengthening Child Rights in Cotton Farming Districts of Punjab & Haryana**


*Led By :*
**JATIN MONDAR**
Project Director

*Compiled By :*
**CHANDAN BARMAN**
Project Co-Ordinator
Child Protection

*Production In-charge :*
**NILESH NIKADE**
Communication & Documentation Manager



*Designed & Printed By*
**AZAD OFFSET PRINTER P. LTD.**
144, Press Site, Industrial Area,
near Colony No. 4, Phase-1, Chandigarh 160 002
Phone : 0172-4611489, 2656144, 2657144, 9814011543

# ਸਟੈਂਡਰਡ ਸੰਚਾਲਨ ਵਿਧੀ

## ਬਾਲ ਅਧਿਕਾਰਾਂ ਦੀ ਉਲੰਘਣਾ ਦੀ
## ਰਿਪੋਰਟਿੰਗ ਅਤੇ ਇਸ ਦੇ ਨਿਪਟਾਰੇ ਲਈ ਸੀ ਪੀ ਸੀ ਲਈ

# ਸਮੱਗਰੀ


| | Page No. |
|---|---|
| ਜਾਣ-ਪਛਾਣ | 2 |
| ਉਦੇਸ਼ | 3 |
| ਨੀਂਹ/ਆਧਾਰੀ ਦਸਤਾਵੇਜ਼ | 3 |
| ਮਾਰਗਦਰਸ਼ਕ ਸਿਧਾਂਤ | 4 |
| ਕਰੋ | 5 |
| ਨਾ ਕਰੋ | 6 |
| ਬਾਲ ਸ਼੍ਰਮ | 8-9 |
| ਬਾਲ ਵਿਆਹ | 10-11 |
| ਬਾਲ ਤਸਕਰੀ | 12-13 |
| ਸਕੂਲ ਵਿੱਚ ਸਰੀਰਕ ਦੰਡ | 14-16 |
| ਨਸ਼ੀਲੇ ਪਦਾਰਥਾਂ ਦਾ ਸੇਵਨ | 17-19 |
| ਕੰਨਿਆ ਭਰੂਣ ਹੱਤਿਆ | 20-21 |
| ਯੌਨ ਅਪਰਾਧ | 22-24 |
| ਅਨੁਬੰਧ I/ਅਨੁਬੰਧ II | 25-26 |

# ABBREVIATIONS

| | |
|---|---|
| AHTU | ਮਾਨਵ ਵਿਰੋਧੀ ਤਸਕਰੀ ਇਕਾਈ |
| CPC | ਬਾਲ ਸੁਰੱਖਿਆ ਸਮਿਤੀ |
| CG | ਬਾਲ ਸਮੂਹ |
| CMPO | ਬਾਲ ਵਿਆਹ ਨਿਸ਼ੇਧ ਅਧਿਕਾਰੀ |
| CPMC | ਸਰੀਰਕ ਦੰਡ ਨਿਗਰਾਨੀ ਸਮਿਤੀ |
| CWC | ਬਾਲ ਕਲਿਆਣ ਸਮਿਤੀ |
| DCPO | ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ |
| DCPU | ਜ਼ਿਲ੍ਹਾ ਬਾਲ ਸੁਰੱਖਿਆ ਇਕਾਈ |
| DLSA | ਜ਼ਿਲ੍ਹਾ ਕਾਨੂੰਨੀ ਸੇਵਾ ਪ੍ਰਾਧਿਕਰਣ |
| FIR | ਪ੍ਰਾਰਥਮਿਕ ਜਾਣਕਾਰੀ ਰਿਪੋਰਟ |
| JJB | ਬਾਲ ਜਸਟਿਸ ਬੋਰਡ |
| NCPCR | ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਕਮਿਸ਼ਨ |
| SMC | ਸਕੂਲ ਪ੍ਰਬੰਧਕ ਸਮਿਤੀ |
| SCPCR | ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨ |
| SJPU | ਵਿਸ਼ੇਸ਼ ਬਾਲ ਪੁਲਿਸ ਇਕਾਈ |
| UNCRC | ਬਾਲ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਕਨਵੈਨਸ਼ਨ |
| CLPRAct | ਬਾਲ ਸ਼੍ਰਮ (ਨਿਸ਼ੇਧ ਅਤੇ ਰੈਗੂਲੇਸ਼ਨ) ਐਕਟ, 1986 |
| JJAct | ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2000 |
| ITPAct | ਅਨੈਤਿਕ ਤਸਕਰੀ (ਨਿਸ਼ੇਧ) ਐਕਟ, 1956 |
| NDPSAct | ਨਸ਼ੀਲੇ ਪਦਾਰਥਾਂ ਅਤੇ ਸਾਈਕੋਟ੍ਰਾਪਿਕ ਪਦਾਰਥਾਂ ਸੰਬੰਧੀ ਐਕਟ, 1985 |
| PCMAct | ਬਾਲ ਵਿਆਹ ਦਾ ਨਿਸ਼ੇਧ ਐਕਟ, 2006 |
| RTEAct | ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਲਈ ਅਧਿਕਾਰ ਐਕਟ, 2009 |
| POCSO Act | ਯੌਨ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਲਈ ਐਕਟ |

# ਜਾਣ-ਪਛਾਣ

ਬਾਲ ਸੁਰੱਖਿਆ ਸਮਿਤੀ ਤੋਂ ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2000 ਅਤੇ ਸੰਗਠਿਤ ਬਾਲ ਸੁਰੱਖਿਆ ਸਕੀਮ ਦੇ ਤਹਿਤ ਕਾਨੂੰਨੀ ਪ੍ਰਵਾਨਗੀ ਨਾਲ ਦੇਸ਼ ਭਰ ਵਿੱਚ ਸਥਾਪਿਤ ਕੀਤੀ ਗਈ ਕਮਿਊਨਿਟੀ ਅਧਾਰਿਤ ਬਾਲ ਸੁਰੱਖਿਆ ਵਿਧੀ ਹੋਣ ਕਾਰਣ ਕਮਿਊਨਿਟੀ ਵਿੱਚ ਬੱਚਿਆਂ ਲਈ ਇਕ ਸੁਰੱਖਿਅਤ ਮਾਹੌਲ ਬਣਾਉਣ ਵਿਚ ਇੱਕ ਬਹੁਤ ਹੀ ਨਾਜ਼ੁਕ ਭੂਮਿਕਾ ਨਿਭਾਓਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਦਾ ਕਮਿਊਨਿਟੀ ਵਿੱਚ ਬੱਚਿਆਂ ਦੇ ਅਧਿਕਾਰਾਂ ਦੀ ਸਥਿਤੀ ਦੀ ਨਿਗਰਾਨੀ ਕਰਨਾ ਅਤੇ ਸੰਸਥਾਗਤ ਢੰਗਾਂ ਅਤੇ ਸੇਵਾਵਾਂ ਦੀ ਮਦਦ ਨਾਲ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਦੀਆਂ ਘਟਨਾਵਾਂ ਉੱਤੇ ਪ੍ਰਕਿਰਿਆ ਕਰਨਾ ਅਤੇ ਓਹਨਾਂ ਨੂੰ ਰੋਕਣ ਲਈ ਕਾਰਵਾਈ ਕਰਨਾ ਲਾਜ਼ਮੀ ਹੈ।

ਕਈ ਰਾਜ ਸਰਕਾਰਾਂ ਨੇ ਬਾਲ ਸੁਰੱਖਿਆ ਸਮਿਤੀਆਂ ਦੀ ਭੂਮਿਕਾ ਅਤੇ ਕਾਰਜ ਕਰਣ ਦੇ ਸੰਬੰਧ ਵਿਚ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਸੇਵ ਦ ਚਿਲਡਰਨ ਨੇ ਦਿਸ਼ਾ-ਨਿਰਦੇਸ਼ ਤਿਆਰ ਕਰਣ ਲਈ ਰਾਜ ਸਰਕਾਰਾਂ (ਰਾਜਸਥਾਨ, ਪੱਛਮੀ ਬੰਗਾਲ, ਗੁਜਰਾਤ ਆਦਿ) ਦੇ ਨਾਲ ਮਿਲ ਕੇ ਕੰਮ ਕੀਤਾ ਹੈ। ਮੋਟੇ ਤੌਰ ਤੇ, ਸੀ ਪੀ ਸੀ ਪੰਚਾਇਤ ਰਾਜ, ਸਿੱਖਿਆ, ਸਿਹਤ, ਮਹਿਲਾ ਅਤੇ ਬਾਲ ਵਿਕਾਸ, ਪੁਲਿਸ ਵਰਗੇ ਵੱਖ-ਵੱਖ ਵਿਭਾਗਾਂ ਤੋਂ ਲਏ ਗਏ ਮੈਂਬਰਾਂ ਨਾਲ ਬਣੀ ਇੱਕ ਸੰਸਥਾ ਹੈ, ਜਿਸ ਵਿੱਚ ਕਮਿਊਨਿਟੀ ਅਧਾਰਿਤ ਸੰਗਠਨਾਂ ਦੇ ਮੈਂਬਰ ਅਤੇ ਬੱਚੇ ਵੀ ਸ਼ਾਮਲ ਹਨ। ਕਿਓਂਕਿ ਸੀ ਪੀ ਸੀ ਦੇ ਮੈਂਬਰ ਬਾਲ ਅਧਿਕਾਰਾਂ ਦੇ ਸੰਚਾਲਣ ਦੇ ਖੇਤਰ ਵਿੱਚ ਨਵੇਂ ਹੁੰਦੇ ਹਨ, ਇਸ ਲਈ, ਓਹਨਾਂ ਨੂੰ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਦੇ ਮੁੱਦਿਆਂ ਨੂੰ ਹੱਲ ਕਰਣ ਦੇ ਮਾਮਲੇ ਵਿੱਚ ਸਿਖਲਾਈ ਦੀ ਲੋੜ ਹੁੰਦੀ ਹੈ। ਭਾਵੇਂ ਸੀ ਪੀ ਸੀ ਦਾ ਦਿਸ਼ਾ-ਨਿਰਦੇਸ਼ ਸੀ ਪੀ ਸੀ ਦੀ ਭੂਮਿਕਾ (ਕੀ ਕਰਨਾ ਹੈ) ਬਾਰੇ ਦੱਸਦਾ ਹੈ, ਪਰ ਇਹ ਇਹ ਸਪੱਸ਼ਟ ਨਹੀਂ ਕਰਦਾ ਕਿ 'ਕਿਵੇਂ ਕਰਨਾ ਹੈ'। ਸੀ ਪੀ ਸੀ ਨੂੰ ਇਹ ਜਾਣਕਾਰੀ ਨਹੀਂ ਦਿੱਤੀ ਜਾਂਦੀ ਕਿ ਓਹਨਾਂ ਕੋਲ ਆਓਣ ਵਾਲੇ ਵੱਖ ਵੱਖ ਤਰਾਂ ਦੇ ਕੇਸਾਂ ਨੂੰ ਕਿਸ ਤਰਾਂ ਸੰਭਾਲਣਾ ਹੈ। ਇਸ ਲਈ ਸੀ ਪੀ ਸੀ ਲਈ ਇੱਕ ਸਟੈਂਡਰਡ ਸੰਚਾਲਨ ਵਿਧੀ ਦੇ ਵਿਕਾਸ ਦੀ ਜ਼ਰੂਰਤ ਹੈ, ਜੋ ਕਿ ਬਾਲ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਬਾਲ ਅਧਿਕਾਰ ਸੰਚਾਲਨ ਦੇ ਸਿਧਾਂਤਾਂ ਦੇ ਅਨੁਸਾਰ ਸਭ ਤੋਂ ਉਚਿਤ ਢੰਗ ਨਾਲ ਨਜਿੱਠਣ ਵਿੱਚ ਮਦਦ ਕਰੇ।

## ਉਦੇਸ਼

ਸਟੈਂਡਰਡ ਸੰਚਾਲਨ ਵਿਧੀ ਦਾ ਵਿਕਾਸ ਕੀਤਾ ਜਾਂਦਾ ਹੈ;

- ਬਾਲ ਅਧਿਕਾਰਾਂ ਦੀ ਉਲੰਘਣਾ ਉੱਤੇ ਬੇਹਤਰ ਪ੍ਰਕਿਰਿਆ ਦੇਣ ਲਈ ਸੀ ਪੀ ਸੀ ਦੀ ਭੂਮਿਕਾ ਅਤੇ ਕੰਮਕਾਜ ਅਤੇ ਇਸ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ ਵਿੱਚ ਸਪਸ਼ਟਤਾ ਲਿਆਓਣ ਲਈ।
- ਬਾਲ ਅਧਿਕਾਰਾਂ ਦੀ ਉਲੰਘਣਾ ਦੇ ਖਾਸ ਮਾਮਲਿਆਂ ਨੂੰ ਸੰਬੋਧਿਤ ਕਰਣ ਦੇ ਦੌਰਾਨ ਸੀ ਪੀ ਸੀ ਦੀਆਂ ਕਾਰਵਾਈਆਂ ਵਿੱਚ ਇਕਸਾਰਤਾ ਲਿਆਉਣ ਲਈ।

## ਨੀਂਹ/ਆਧਾਰੀ ਦਸਤਾਵੇਜ਼

ਇਸ ਦਸਤਾਵੇਜ਼ ਵਿੱਚ ਦਿੱਤੀਆਂ ਗਈਆਂ ਕਾਰਵਾਈਆਂ ਦੀ ਸ਼ਕਤੀ ਨਿਮਨ ਵਿੱਚ ਦਿੱਤੇ ਦਿਸ਼ਾ-ਨਿਰਦੇਸ਼ਾਂ, ਪ੍ਰਾਵਧਾਨਾਂ ਅਤੇ ਮਾਣਕਾਂ 'ਤੇ ਆਧਾਰਿਤ ਹੈ:

1- ਭਾਰਤ ਦਾ ਸੰਵਿਧਾਨ

2- ਬਾਲ ਅਧਿਕਾਰਾਂ ਉੱਤੇ ਸੰਯੁਕਤ ਰਾਸ਼ਟਰ ਕਨਵੈਨਸ਼ਨ,

3- ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2000 ਅਤੇ ਨਿਯਮ,

4- ਸਮੇਕਿਤ ਬਾਲ ਸੁਰੱਖਿਆ ਯੋਜਨਾ,

5- ਵੱਖ-ਵੱਖ ਰਾਜ ਸਰਕਾਰਾਂ ਦੁਆਰਾ ਤਿਆਰ ਕੀਤੇ ਗਏ ਦਿਸ਼ਾ-ਨਿਰਦੇਸ਼ ਜਾਂ ਸੀ ਪੀ ਸੀ,

6- ਬਾਲ ਅਧਿਕਾਰਾਂ ਦੇ ਵੱਖ-ਵੱਖ ਮੁੱਦਿਆਂ ਬਾਰੇ ਸਬੰਧਤ ਵਿਸ਼ਾ ਕਾਨੂੰਨ,

7- ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨਾਂ ਦੁਆਰਾ ਜਾਰੀ ਕੀਤੇ ਗਏ ਬਾਲ ਅਧਿਕਾਰਾਂ ਦੇ ਵੱਖ-ਵੱਖ ਪਹਿਲੂਆਂ ਬਾਰੇ ਨੀਤੀਆਂ, ਦਿਸ਼ਾ-ਨਿਰਦੇਸ਼ ਅਤੇ ਸਟੈਂਡਰਡ ਸੰਚਾਲਨ ਵਿਧੀਆਂ,

8- ਸੇਵ ਦ ਚਿਲਡਰਨ ਅਤੇ ਇਸ ਦੇ ਸਹਿਯੋਗੀ ਐਨ ਜੀ ਓ ਦਾ ਦੇਸ਼ ਭਰ ਵਿੱਚ ਸੀ ਪੀ ਸੀ ਦੇ ਗਠਨ ਅਤੇ ਵਾਧੇ ਵਿੱਚ ਇੱਕ ਦਹਾਕੇ ਦਾ ਲੰਬਾ ਸੰਸਥਾਗਤ ਤਜਰਬਾ।

# ਮਾਰਗਦਰਸ਼ਕ ਸਿਧਾਂਤ

1. ਸਾਰੇ ਨਿਰਣੇ ਸਬੰਧਤ ਬੱਚੇ ਦੇ ਸਰਵੋਤੱਮ ਹਿੱਤ ਵਿੱਚ ਹੋਣੇ ਚਾਹੀਦੇ ਹਨ।
2. ਬੱਚੇ ਨੂੰ ਆਪਣੀ ਉਮਰ ਅਤੇ ਵਿਕਾਸ ਦੇ ਪੱਧਰ ਦੇ ਅਨੁਸਾਰ, ਉਸ ਨੂੰ ਪ੍ਰਭਾਵਿਤ ਕਰਣ ਵਾਲੇ ਕਿਸੇ ਮਾਮਲੇ ਜਾਂ ਪ੍ਰਕਿਰਿਆ ਵਿੱਚ, ਉਸ ਨਾਲ ਸਲਾਹ-ਮਸ਼ਵਰਾ ਕੀਤੇ ਜਾਣ ਅਤੇ ਆਪਣੇ ਵਿਚਾਰ ਪ੍ਰਗਟ ਕਰਣ ਦਾ ਅਧਿਕਾਰ ਹੈ।
3. ਬਾਲ ਸੁਰੱਖਿਆ, ਭਾਈਚਾਰੇ, ਸਰਕਾਰ ਅਤੇ ਸਿਵਲ ਸੁਸਾਇਟੀ ਦੇ ਸਹਿਯੋਗ ਨਾਲ ਪਰਿਵਾਰ ਦੀ ਮੁੱਖ ਜ਼ਿੰਮੇਵਾਰੀ ਹੈ।
4. ਬੱਚੇ ਨੂੰ ਸੰਗਠਨ ਵਿੱਚ ਭੇਜਣਾ ਇੱਕ ਅਸਥਾਈ ਅਤੇ ਆਖਰੀ ਵਿਕਲਪ ਹੋਣਾ ਚਾਹੀਦਾ ਹੈ।
5. ਪਿਆਰ ਅਤੇ ਦੇਖਭਾਲ ਕਰਣ ਵਾਲਾ ਪਰਿਵਾਰ ਬੱਚੇ ਲਈ ਸਭ ਤੋਂ ਵਧੀਆ ਸਥਾਨ ਹੈ (ਗੈਰ-ਸੰਗਠਨਾਤਮਕ)।
6. ਪਰਦੇਦਾਰੀ ਅਤੇ ਗੁਪਤਤਾ ਦਾ ਅਧਿਕਾਰ।
7. ਸਮਾਨਤਾ ਅਤੇ ਗੈਰ-ਭੇਦਭਾਵ।
8. ਮਾਸੂਮ ਹੋਣ ਦੀ ਮਾਨਤਾ।
9. ਸੁਰੱਖਿਆ ਦਾ ਸਿਧਾਂਤ (ਕੋਈ ਵੀ ਨੁਕਸਾਨ ਨਹੀਂ , ਕੋਈ ਵੀ ਬਦਸਲੂਕੀ ਨਹੀਂ, ਕੋਈ ਵੀ ਅਣਗਹਿਲੀ ਨਹੀਂ, ਕੋਈ ਸ਼ੋਸ਼ਣ ਨਹੀਂ, ਕੋਈ ਦੁਰਾਚਾਰ ਨਹੀਂ)।
10. ਬਾਲ ਅਨੁਕੂਲ ਪ੍ਰਕਿਰਿਆ।
11. ਬੱਚੇ ਦੀ ਭਲਾਈ ਨੂੰ ਉਤਸਾਹਿਤ ਕਰਣ ਲਈ, ਕਮਜ਼ੋਰੀਆਂ ਨੂੰ ਘਟਾਓਣ ਲਈ ਅਤੇ ਬੱਚੇ ਦੀ ਪਛਾਣ ਦੇ ਵਿਕਾਸ ਦੇ ਉਦੇਸ਼ ਲਈ ਸਕਾਰਾਤਮਕ ਤਰੀਕੇ।
12. ਨਿਰਪੱਖਤਾ।

# ਕਰੋ

- ਹਰ ਸਬੰਧਤ ਪਾਰਟੀ ਦੀ ਗੱਲ ਸੁਣੋ।
- ਸਬੰਧਤ ਬੱਚੇ ਨੂੰ ਇੱਕ ਡਰ-ਮੁਕਤ ਵਾਤਾਵਰਣ ਅਤੇ ਉਸ ਦੀ ਚਿੰਤਾ/ਰਾਏ ਨੂੰ ਸਾਂਝਾ ਕਰਣ ਲਈ ਮੌਕਾ ਦਿਓ। ਬਿਆਨ ਰਿਕਾਰਡ ਕਰਣ ਲਈ ਅਜਿਹਾ ਸਥਾਨ ਅਤੇ ਸਮਾਂ ਚੁਣੋ, ਜੋ ਸਬੰਧਤ ਬੱਚੇ ਲਈ ਸੁਵਿਧਾਜਣਕ ਹੋਵੇ।
- ਸਭਿਆਚਾਰਕ ਮਤਭੇਦਾਂ ਦਾ ਆਦਰ ਕਰੋ।
- ਸਬੰਧਤ ਕਾਨੂੰਨਾਂ ਵਿੱਚ ਸਾਬਤ ਕੀਤੀਆਂ/ਸਥਾਪਿਤ ਕੀਤੀਆਂ ਗਈਆਂ ਕਾਰਵਾਈਆਂ ਦੀ ਪਾਲਣਾ ਕਰੋ।
- ਹਮੇਸ਼ਾ ਉੱਪਰ ਦਿੱਤੇ ਗਏ ਸਿਧਾਂਤਾਂ ਦੇ ਆਧਾਰ ਤੇ ਆਪਣੀਆਂ ਕਾਰਵਾਈਆਂ ਅਤੇ ਨਿਰਣਿਆਂ ਦੀ ਜਾਂਚ ਕਰੋ।
- ਬੱਚਿਆਂ ਨਾਲ ਆਪਣੇ ਵਿਵਹਾਰ, ਕਾਰਵਾਈ, ਭਾਸ਼ਾ ਅਤੇ ਰਿਸ਼ਤਿਆਂ ਦਾ ਸਵੈ-ਆਕਲਣ ਕਰੋ। ਜਦੋਂ ਉਹ ਸਹਿਯੋਗੀਆਂ ਦੇ ਖਰਾਬ ਵਿਵਹਾਰ ਬਾਰੇ ਗੱਲ ਕਰਣ, ਤਾਂ ਇਸ ਬਾਰੇ ਆਵਾਜ਼ ਉਠਾਓ।
- ਬੱਚੇ ਨਾਲ ਦੁਰਵਿਵਹਾਰ ਦੇ ਕਿਸੇ ਵੀ ਮਾਮਲੇ ਬਾਰੇ ਜਿੰਨੀ ਛੇਤੀ ਹੋ ਸਕੇ, ਉਚਿਤ ਅਧਿਕਾਰੀ ਨੂੰ ਸੂਚਨਾ ਦਿਓ।
- ਆਪਣੇ ਕੰਮ ਨਾਲ ਸਬੰਧਤ ਸਾਰੇ ਮਾਮਲਿਆਂ ਵਿੱਚ ਖ਼ੂਬ ਸਾਵਧਾਨੀ ਵਰਤੋ ਅਤੇ ਕਿਸੇ ਬੱਚੇ ਬਾਰੇ ਕੋਈ ਗੁਪਤ ਜਾਣਕਾਰੀ ਕਿਸੇ ਨੂੰ ਨਾਂ ਦੱਸੋ।
- ਸੀ ਪੀ ਸੀ ਨੂੰ ਆਪਣੇ ਨਿਰਣਿਆਂ ਅਤੇ ਕਾਰਵਾਈਆਂ ਵਿੱਚ ਪਾਰਦਰਸ਼ੀ ਹੋਣਾ ਚਾਹੀਦਾ ਹੈ।
- ਜ਼ਿੰਮੇਵਾਰੀ ਲਵੋ, ਲਏ ਗਏ ਫੈਸਲਿਆਂ ਅਤੇ ਕੀਤੀਆਂ ਗਈਆਂ ਕਾਰਵਾਈਆਂ ਲਈ ਜਵਾਬਦੇਹ ਬਣੋ ਅਤੇ ਸਾਰਵਜਨਿਕ ਜਾਂਚ ਲਈ ਤਿਆਰ ਰਹੋ।
- ਲਏ ਗਏ ਹਰ ਨਿਰਣੇ ਅਤੇ ਕੀਤੀ ਗਈ ਹਰ ਕਾਰਵਾਈ ਦਾ ਰਿਕਾਰਡ ਜਾਂ ਸਬੂਤ ਰੱਖੋ।
- ਸੀ ਪੀ ਸੀ ਨੂੰ ਹਿਤਧਾਰਕਾਂ ਜਿਵੇਂ ਨੇੜੇ ਦੇ ਪੁਲਿਸ ਸਟੇਸ਼ਨ, ਸੀ ਡਬਲਿਊ ਸੀ, ਜੇ ਜੇ ਬੀ ਮੈਂਬਰ, ਡੀ ਸੀ ਪੀ ਓ, ਅਧਿਆਪਕਾਂ ਆਦਿ ਦੀ ਸੂਚੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ ਅਤੇ ਨਿਯਮਿਤ ਤੌਰ ਤੇ ਅਪਡੇਟ ਵੀ ਕਰਦੇ ਰਹਿਣਾ ਚਾਹੀਦਾ ਹੈ।

# ਨਾ ਕਰੋ

- ਬੱਚਿਆਂ ਨੂੰ ਸ਼ਰਮਿੰਦਾ ਕਰਣ, ਓਹਨਾਂ ਦਾ ਅਪਮਾਨ ਕਰਣ, ਓਹਨਾਂ ਨੂੰ ਨੁਕਸਾਨ ਪਹੁੰਚਾਓਣ, ਓਹਨਾਂ ਨੂੰ ਨੀਚਾ ਦਿਖਾਓਣ ਆਦਿ ਜਿਹਾ ਵਿਵਹਾਰ ਕਰਨਾ।
- ਕਿਸੇ ਬੱਚੇ ਜਾਂ ਨੌਜਵਾਨ ਨਾਲ ਗੱਲ ਕਰਦੇ ਹੋਏ ਅਣਉਚਿਤ, ਅਪਮਾਨਜਨਕ ਜਾਂ ਪੱਖਪਾਤੀ ਭਾਸ਼ਾ ਦੀ ਵਰਤੋਂ ਕਰਨਾ।
- ਕਿਸੇ ਬੱਚੇ ਜਾਂ ਉਸ ਦੇ ਪਰਿਵਾਰ ਤੋਂ ਸਹਿਯੋਗ ਜਾਂ ਸੁਰੱਖਿਆ ਦੇਣ ਦੇ ਬਦਲੇ ਕੋਈ ਸੇਵਾ ਜਾਂ ਕੰਮ ਕਰਵਾਓਣਾ।
- ਕਾਨੂੰਨੀ ਪ੍ਰਕਿਰਿਆ ਅਤੇ ਜ਼ਰੂਰਤ ਨੂੰ ਨਜ਼ਰਅੰਦਾਜ਼ ਕਰਨਾ।
- ਬੇਲੋੜੇ ਮੁਕੱਦਮੇ ਵਿੱਚ ਫਸਣਾ, ਜਦੋਂ ਤੱਕ ਕਿ ਇਹ ਬੱਚੇ ਦੇ ਸਰਵੋਤੱਮ ਹਿੱਤ ਵਿੱਚ ਨਾ ਹੋਵੇ।
- ਬੱਚੇ ਦੇ ਜੀਵਨ ਅਤੇ ਸੰਪਤੀ ਨੂੰ ਖਤਰੇ ਵਿੱਚ ਪਾਓਣਾ।
- ਪੁਲਿਸ ਜਾਂ ਉਚਿਤ ਅਧਿਕਾਰੀ ਨੂੰ ਕੇਸ ਦੀ ਰਿਪੋਰਟ ਕਰਣ ਵਿੱਚ ਦੇਰੀ ਕਰਨਾ ਜਦੋਂ ਕਿ ਇਹ ਕਾਨੂੰਨ ਦੇ ਤਹਿਤ ਲਾਜ਼ਮੀ ਹੋਵੇ।

# ਭਾਗ-II

# ਬਾਲ ਸ਼੍ਰਮ



**ਪਰਿਭਾਸ਼ਾ:** ਬਾਲ ਸ਼੍ਰਮ ਬੱਚਿਆਂ ਦਾ ਕਿਸੇ ਵੀ ਰੁਜ਼ਗਾਰ ਵਿੱਚ ਲੱਗਣਾ ਹੈ, ਜਿਸ ਨਾਲ ਓਹਨਾਂ ਨੂੰ ਆਪਣੇ ਬਚਪਨ ਤੋਂ ਵੰਚਿਤ ਹੋਣਾ ਪਵੇ, ਨਿਯਮਿਤ ਤੌਰ ਤੇ ਸਕੂਲ ਜਾਣ ਦੀ ਯੋਗਤਾ ਵਿੱਚ ਦਖ਼ਲਅੰਦਾਜ਼ੀ ਹੋਵੇ ਅਤੇ ਜੋ ਸਰੀਰਕ, ਮਾਨਸਿਕ, ਸਮਾਜਕ ਜਾਂ ਨੈਤਿਕ ਤੌਰ ਤੇ ਖ਼ਤਰਨਾਕ ਅਤੇ ਨੁਕਸਾਨਦੇਹ ਹੁੰਦਾ ਹੈ।

ਬਾਲ ਸ਼੍ਰਮ (ਨਿਸ਼ੇਧ ਅਤੇ ਰੈਗੂਲੇਸ਼ਨ) ਐਕਟ, 1986, ਉਸ ਵਿਅਕਤੀ ਲਈ ਸਜ਼ਾ ਦਾ ਆਦੇਸ਼ ਦਿੰਦਾ ਹੈ, ਜਿਹੜਾ ਇਸ ਐਕਟ ਦੇ ਪ੍ਰਾਵਧਾਨਾਂ ਦੀ ਉਲੰਘਣਾ ਕਰਦੇ ਹੋਏ ਬੱਚਿਆਂ ਨੂੰ ਰੁਜ਼ਗਾਰ ਤੇ ਲਗਾਓਂਦਾ ਹੈ।

ਬਾਲ ਸ਼੍ਰਮ ਨਾਲ ਸਬੰਧਤ ਕੁਝ ਕਾਨੂੰਨ:

- ਬਾਲ ਸ਼੍ਰਮ (ਨਿਸ਼ੇਧ ਅਤੇ ਰੈਗੂਲੇਸ਼ਨ) ਐਕਟ, 1986
- ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2000
- ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009

**ਬਾਲ ਸ਼੍ਰਮ ਦੇ ਮਾਮਲੇ ਵਿੱਚ ਸੀ ਪੀ ਸੀ ਦੁਆਰਾ ਚੁੱਕੇ ਜਾਣ ਵਾਲੇ ਕਦਮ**

**ਕਦਮ-I**

ਬਾਲ ਸ਼੍ਰਮ ਸਬੰਧੀ ਰਿਪੋਰਟ ਮਿਲਣ ਤੇ, ਸੀ ਪੀ ਸੀ :

- ❖ ਨਿਰਧਾਰਿਤ ਫਾਰਮੈਟ ਵਿੱਚ ਇਸ ਤੱਥ ਨੂੰ ਰਜਿਸਟਰ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦਾ ਆਪਣੇ ਹਿਸਾਬ ਨਾਲ ਹੱਲ ਸੋਚੇਗੀ।
- ❖ ਬੱਚੇ ਨਾਲ ਸਲਾਹ-ਮਸ਼ਵਰਾ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦੇ ਸਬੂਤ ਇੱਕਠੇ ਕਰੇਗੀ।

**ਕਦਮ-II**

ਬਾਲ ਸ਼੍ਰਮ ਦੇ ਮਾਮਲੇ ਵਿੱਚ ਸੀ ਪੀ ਸੀ ਨਿਮਨਲਿਖਿਤ ਅਧਿਕਾਰੀਆਂ ਨੂੰ ਰਿਪੋਰਟ ਕਰ ਸਕਦੀ ਹੈ:

- ❖ ਬਾਲ ਕਲਿਆਣ ਸਮਿਤੀ (ਰਸੀਦ ਦੇ ਨਾਲ ਲਿਖਤੀ ਸ਼ਿਕਾਇਤ)
- ❖ ਪੁਲਿਸ ਨੂੰ ਰਿਪੋਰਟ (ਰਸੀਦ ਦੇ ਨਾਲ ਲਿਖਤੀ ਸ਼ਿਕਾਇਤ) - (ਜੇਕਰ ਸੀ ਡਬਲਿਊ ਸੀ ਤੱਕ ਨਾ ਪਹੁੰਚ ਪਾਵੇ)
- ❖ ਸਕੂਲ ਪ੍ਰਬੰਧਕ ਸਮਿਤੀ (ਐਸ ਐਮ ਸੀ)

**ਸੀ ਪੀ ਸੀ ਇਹ ਧਿਆਨ ਵਿੱਚ ਰੱਖੇਗੀ:**

- ਬਾਲ ਯੌਨ ਸ਼ੋਸ਼ਣ ਨਾਲ ਸਬੰਧਤ ਮਾਮਲਿਆਂ ਦੀ ਰਿਪੋਰਟ ਯੌਨ ਅਪਰਾਧਾਂ ਤੋਂ ਬਾਲ ਸੁਰੱਖਿਆ (POCSO) ਐਕਟ, 2012 ਦੇ ਅਧੀਨ ਨਿਰਧਾਰਤ ਵਿਧੀ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ (ਯੌਨ ਦੁਰਵਿਵਹਾਰ ਨੂੰ ਵੇਖੋ)।
- ਬੱਚੇ ਨੂੰ ਗੰਭੀਰ ਚੋਟ ਲੱਗਣ ਦੇ ਮਾਮਲੇ ਵਿੱਚ, ਸੀ ਪੀ ਸੀ ਪੁਲਿਸ ਨੂੰ ਰਿਪੋਰਟ ਕਰਣ ਤੇ ਵੀ ਵਿਚਾਰ ਕਰ ਸਕਦੀ ਹੈ।
- ਚੋਟ ਲਈ ਮੈਡੀਕਲ ਸਰਟੀਫਿਕੇਟ ਪ੍ਰਾਪਤ ਕਰਣ ਦੀ ਸਹੂਲਤ।
- ਸਮਾਜਿਕ ਜਾਂਚ ਰਿਪੋਰਟ ਵਿਕਾਸ ਵਿੱਚ ਉਚਿਤ ਅਧਿਕਾਰੀ ਦੀ ਸਹਾਇਤਾ ਕਰਨਾ।

**ਕਦਮ-*III***

**ਸੀ ਪੀ ਸੀ ਨਿਮਨਲਿਖਿਤ ਦੇ ਨਾਲ ਸਹਿਯੋਗ ਕਰੇਗੀ:**

- ਸੀ ਡਬਲਿਊ ਸੀ (ਜੇਕਰ ਸੀ ਡਬਲਿਊ ਸੀ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)।
- ਪੁਲਿਸ (ਜੇਕਰ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)।
- ਦੋਹਾਂ ਮਾਮਲਿਆਂ ਵਿੱਚ ਸ਼ਿਕਾਇਤ ਦੀ ਸਥਿਤੀ ਜਾਣਨ ਲਈ DCPO ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਪੁਨਰਵਾਸ ਅਤੇ ਏਕੀਕਰਣ**

**ਸਬੰਧਤ ਅਧਿਕਾਰੀ ਕੋਲ ਕੇਸ ਰਜਿਸਟਰ ਕਰਵਾਉਣ ਅਤੇ ਅੱਗੇ ਵਧਾਉਣ ਦੀ ਕਾਰਵਾਈ ਦੇ ਨਾਲ ਨਾਲ, ਬੱਚੇ ਅਤੇ ਉਸ ਦੇ ਪਰਿਵਾਰ ਦੇ ਪੁਨਰਵਾਸ ਅਤੇ ਏਕੀਕਰਣ ਲਈ ਸੀ ਪੀ ਸੀ ਹੇਠਾਂ ਲਿਖੇ ਉਪਾਅ ਕਰੇਗੀ:**

- ਪਰਿਵਾਰ ਅਤੇ ਬੱਚੇ ਨੂੰ ਸਲਾਹ ਅਤੇ ਸਮਾਜਿਕ ਸਹਾਇਤਾ ਪ੍ਰਦਾਨ ਕਰਨਾ
- ਬੱਚੇ ਦਾ ਸਕੂਲ ਵਿੱਚ ਦਾਖਲਾ ਕਰਵਾਉਣਾ ਅਤੇ SMC ਦੇ ਮੈਂਬਰਾਂ ਦੇ ਸੰਪਰਕ ਵਿੱਚ ਰਹਿਣਾ
- ਬੱਚੇ ਦੀ ਮਾਸਿਕ ਟਰੈਕਿੰਗ
- ਪੰਚਾਇਤ ਦੀ ਮਦਦ ਨਾਲ ਸਮਾਜਿਕ ਸੁਰੱਖਿਆ ਸਕੀਮਾਂ ਨਾਲ ਜੋੜਨਾ
- ਬੱਚੇ ਦਾ ਸਮੁਦਾਏ ਦੇ ਪੱਧਰ ਤੇ ਬਾਲ ਸਮੂਹ ਜਾਂ ਬਾਲ ਕਲੱਬ ਦਾ ਹਿੱਸਾ ਬਣਨਾ ਸੁਨਿਸ਼ਚਿਤ ਕਰਨਾ
- ਜੇ ਲੋੜ ਹੋਵੇ ਤਾਂ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਤੋਂ ਕਾਨੂੰਨੀ ਸਹਾਇਤਾ ਲੈਣ ਵਿਚ ਸਹਾਇਤਾ ਪ੍ਰਦਾਨ ਕਰਨਾ

# ਬਾਲ ਵਿਆਹ:



**ਪਰਿਭਾਸ਼ਾ:** ਬਾਲ ਵਿਆਹ ਦੀ ਮਨਾਹੀ ਐਕਟ 2006 ਦੇ ਅਨੁਸਾਰ, ਕਿਸੇ ਵੀ ਮਹਿਲਾ ਦਾ 18 ਸਾਲ ਤੋਂ ਘੱਟ ਦੀ ਉਮਰ ਵਿੱਚ ਵਿਆਹ ਜਾਂ ਕਿਸੇ ਵੀ ਪੁਰਸ਼ ਦਾ 21 ਸਾਲ ਤੋਂ ਘੱਟ ਦੀ ਉਮਰ ਵਿੱਚ ਵਿਆਹ ਬਾਲ ਵਿਆਹ ਮੰਨਿਆ ਜਾਵੇਗਾ।

ਬਾਲ ਵਿਆਹ ਨਾਲ ਸਬੰਧਤ ਕੁਝ ਕਾਨੂੰਨ:

- ਬਾਲ ਵਿਆਹ ਦੀ ਮਨਾਹੀ ਐਕਟ 2006
- ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2000

**ਬਾਲ ਵਿਆਹ ਦੇ ਮਾਮਲੇ ਵਿੱਚ ਸੀ ਪੀ ਸੀ ਦੁਆਰਾ ਚੁੱਕੇ ਜਾਣ ਵਾਲੇ ਕਦਮ**

**ਕਦਮ-I**

ਬਾਲ ਵਿਆਹ ਸਬੰਧੀ ਰਿਪੋਰਟ ਮਿਲਣ ਤੇ, ਸੀ ਪੀ ਸੀ :

- ❖ ਨਿਰਧਾਰਿਤ ਫਾਰਮੈਟ ਵਿੱਚ ਇਸ ਤੱਥ ਨੂੰ ਰਜਿਸਟਰ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦਾ ਆਪਣੇ ਹਿਸਾਬ ਨਾਲ ਹੱਲ ਸੋਚੇਗੀ।
- ❖ ਬੱਚੇ ਨਾਲ ਸਲਾਹ-ਮਸ਼ਵਰਾ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦੇ ਸਬੂਤ ਇੱਕਠੇ ਕਰੇਗੀ।

**ਕਦਮ-II**

ਬਾਲ ਵਿਆਹ ਦੇ ਮਾਮਲੇ ਵਿੱਚ ਸੀ ਪੀ ਸੀ ਨਿਮਨਲਿਖਿਤ ਅਧਿਕਾਰੀਆਂ ਨੂੰ ਰਿਪੋਰਟ ਕਰ ਸਕਦੀ ਹੈ:

- ❖ ਬਾਲ ਵਿਆਹ ਨਿਸ਼ੇਧ ਅਧਿਕਾਰੀ (CMPO)
- ❖ ਬਾਲ ਕਲਿਆਣ ਸਮਿਤੀ (ਰਸੀਦ ਦੇ ਨਾਲ ਲਿਖਤੀ ਸ਼ਿਕਾਇਤ)
- ❖ ਪੁਲਿਸ ਨੂੰ ਰਿਪੋਰਟ (ਰਸੀਦ ਦੇ ਨਾਲ ਲਿਖਤੀ ਸ਼ਿਕਾਇਤ) - (ਜੇਕਰ CMPO/CWC ਤੱਕ ਨਾ ਪਹੁੰਚ ਪਾਵੇ)

**ਸੀ ਪੀ ਸੀ ਇਹ ਧਿਆਨ ਵਿੱਚ ਰੱਖੇਗੀ:**

- ❖ ਇਹ ਸੁਨਿਸ਼ਚਿਤ ਕਰਨਾ ਕਿ ਪੁਲਿਸ ਰੋਜ਼ਾਨਾ ਡਾਇਰੀ ਵਿਚ ਇੰਦਰਾਜ ਜ਼ਰੂਰ ਕਰੇ ਅਤੇ ਅਜਿਹੀ ਸ਼ਿਕਾਇਤ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕਰੇ।

❖ ਅਪਰਾਧੀਆਂ ਦੇ ਖਿਲਾਫ਼ ਮੁਕੱਦਮਾ ਚਲਾਉਣ ਲਈ ਸਬੂਤ ਇਕੱਠੇ ਕਰਣ ਵਿੱਚ ਸਬੰਧਤ ਅਧਿਕਾਰੀਆਂ ਨੂੰ ਸਹਿਯੋਗ ਕਰੇ।

**ਕਦਮ-III**

**ਸੀ ਪੀ ਸੀ ਨਿਮਨਲਿਖਿਤ ਦੇ ਨਾਲ ਸਹਿਯੋਗ ਕਰੇਗੀ:**

❖ ਬਾਲ ਵਿਆਹ ਨਿਸ਼ੇਧ ਅਧਿਕਾਰੀ (CMPO) - (ਜੇਕਰ CMPO ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)।

❖ ਸੀ ਡਬਲਿਊ ਸੀ (ਜੇਕਰ ਸੀ ਡਬਲਿਊ ਸੀ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)।

❖ ਪੁਲਿਸ (ਜੇਕਰ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)।

**ਸੀ ਪੀ ਸੀ ਅੱਗੇ ਵਧਦੀ ਹਰ ਕਾਰਵਾਈ ਨੂੰ ਆਪਣੇ ਰਿਕਾਰਡ ਵਿੱਚ ਅਪਡੇਟ ਕਰੇਗੀ।**

**ਪੁਨਰਵਾਸ ਅਤੇ ਏਕੀਕਰਣ**

**ਸਬੰਧਤ ਅਧਿਕਾਰੀ ਕੋਲ ਕੇਸ ਰਜਿਸਟਰ ਕਰਵਾਉਣ ਅਤੇ ਅੱਗੇ ਵਧਾਉਣ ਦੀ ਕਾਰਵਾਈ ਦੇ ਨਾਲ ਨਾਲ, ਬੱਚੇ ਅਤੇ ਉਸ ਦੇ ਪਰਿਵ◌ਾਰ ਦੇ ਪੁਨਰਵਾਸ ਅਤੇ ਏਕੀਕਰਣ ਲਈ ਸੀ ਪੀ ਸੀ ਹੇਠਾਂ ਲਿਖੇ ਉਪਾਅ ਕਰੇਗੀ:**

- ਬਾਲ ਵਿਆਹ ਨੂੰ ਰੋਕਣ ਲਈ ਬਾਲ ਵਿਆਹ ਨਿਸ਼ੇਧ ਅਧਿਕਾਰੀਆਂ ਨੂੰ ਸਹਿਯੋਗ ਪ੍ਰਦਾਨ ਕਰਣ ਲਈ ਅਧਿਆਪਕਾਂ ਨੂੰ ਸੰਗਠਿਤ ਕਰਨਾ
- ਬੱਚਿਆਂ ਨੂੰ ਬਚਾਏ ਜਾਣ ਤੋਂ ਬਾਅਦ ਸਲਾਹ ਅਤੇ ਮੈਡੀਕਲ ਸਹਾਇਤਾ ਪ੍ਰਦਾਨ ਕਰਨਾ
- ਪੰਚਾਇਤ ਦੀ ਮਦਦ ਨਾਲ ਸਮਾਜਿਕ ਸੁਰੱਖਿਆ ਸਕੀਮਾਂ ਨਾਲ ਜੋੜਨਾ
- ਬੱਚੇ ਦਾ ਬਾਲ ਸਮੂਹ ਦਾ ਹਿੱਸਾ ਬਣਨਾ ਸੁਨਿਸ਼ਚਿਤ ਕਰਨਾ
- ਜੇ ਲੋੜ ਹੋਵੇ ਤਾਂ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਤੋਂ ਕਾਨੂੰਨੀ ਸਹਾਇਤਾ ਲੈਣ ਵਿਚ ਸਹਾਇਤਾ ਪ੍ਰਦਾਨ ਕਰਨਾप्राप्त करने में मदद करना

# ਬਾਲ ਤਸਕਰੀ:



**ਪਰਿਭਾਸ਼ਾ:** ਬਾਲ ਤਸਕਰੀ ਆਮ ਤੌਰ ' ਤੇ ਮਜ਼ਦੂਰੀ ਜਾਂ ਯੌਨ ਸ਼ੋਸ਼ਣ ਦੇ ਉਦੇਸ਼ ਲਈ, ਬੱਚਿਆਂ ਦੀ ਗੈਰ-ਕਾਨੂੰਨੀ ਆਵਾਜਾਈ ਨੂੰ ਕਿਹਾ ਜਾਂਦਾ ਹੈ।

ਬਾਲ ਤਸਕਰੀ ਦੇ ਕੇਸਾਂ ਨਾਲ ਨਜਿੱਠਣ ਲਈ ਕਾਨੂੰਨ ਅਤੇ ਪ੍ਰਾਵਧਾਨ:

- ਅਨੈਤਿਕ ਤਸਕਰੀ ਰੋਕਥਾਮ ਐਕਟ, 1956
- ਯੌਨ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਐਕਟ, 2012
- ਅਪਰਾਧਿਕ ਸੰਸ਼ੋਧਨ ਐਕਟ
- ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2000

**ਬਾਲ ਤਸਕਰੀ ਦੇ ਮਾਮਲੇ ਵਿੱਚ ਸੀ ਪੀ ਸੀ ਦੁਆਰਾ ਚੁੱਕੇ ਜਾਣ ਵਾਲੇ ਕਦਮ**

**ਕਦਮ-I**

ਬਾਲ ਤਸਕਰੀ ਸਬੰਧੀ ਰਿਪੋਰਟ ਮਿਲਣ ਤੇ, ਸੀ ਪੀ ਸੀ :

- ❖ ਨਿਰਧਾਰਿਤ ਫਾਰਮੈਟ ਵਿੱਚ ਇਸ ਤੱਥ ਨੂੰ ਰਜਿਸਟਰ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦਾ ਆਪਣੇ ਹਿਸਾਬ ਨਾਲ ਹੱਲ ਸੋਚੇਗੀ।
- ❖ ਜੇਕਰ ਬੱਚਾ ਪਿੰਡ ਵਿੱਚ ਹੀ ਮਿਲ ਜਾਵੇ, ਤਾਂ ਬੱਚੇ ਨਾਲ ਸਲਾਹ-ਮਸ਼ਵਰਾ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦੇ ਸਬੂਤ ਇੱਕਠੇ ਕਰੇਗੀ।

**ਕਦਮ-II**

ਬਾਲ ਤਸਕਰੀ ਦੇ ਮਾਮਲੇ ਵਿੱਚ ਸੀ ਪੀ ਸੀ ਨਿਮਨਲਿਖਿਤ ਅਧਿਕਾਰੀਆਂ ਨੂੰ ਰਿਪੋਰਟ ਕਰ ਸਕਦੀ ਹੈ:

- ❖ ਪੁਲਿਸ (ਬਾਲ ਕਲਿਆਣ ਅਧਿਕਾਰੀ) ਅਤੇ
- ❖ ਬਾਲ ਕਲਿਆਣ ਸਮਿਤੀ – ਜੇਕਰ ਬੱਚਾ ਪਿੰਡ ਤੋਂ ਗਾਇਬ ਹੋਵੇ ਜਾਂ ਪਿੰਡ ਵਿੱਚ ਮਿਲੇ

**ਸੀ ਪੀ ਸੀ ਇਹ ਧਿਆਨ ਵਿੱਚ ਰੱਖੇਗੀ:**

- ❖ ੨੪ ਘੰਟਿਆਂ ਦੇ ਅੰਦਰ ਐਫ ਆਈ ਆਰ ਦੀ ਰਜਿਸਟ੍ਰੇਸ਼ਨ ਸੁਨਿਸ਼ਚਿਤ ਕਰਨਾ
- ❖ ਅਧਿਕਾਰੀਆਂ ਦੇ ਖਿਲਾਫ਼ ਮੁਕੱਦਮਾ ਚਲਾਓਣ ਲਈ ਸਬੂਤ ਇਕੱਠੇ ਕਰਣ ਵਿੱਚ ਸਬੰਧਤ ਅਧਿਕਾਰੀਆਂ ਦਾ ਸਹਿਯੋਗ ਕਰਨਾ

**ਕਦਮ-III**

**ਸੀ ਪੀ ਸੀ ਨਿਮਨਲਿਖਿਤ ਦੇ ਨਾਲ ਸਹਿਯੋਗ ਕਰੇਗੀ**

- DCPO
- ਗ੍ਰਾਮ ਪੰਚਾਇਤ
- ਪੁਲਿਸ
- AHTU (ਮਾਨਵ ਵਿਰੋਧੀ ਤਸਕਰੀ ਇਕਾਈ)

**ਸੀ ਪੀ ਸੀ ਅੱਗੇ ਵਧਦੀ ਹਰ ਕਾਰਵਾਈ ਨੂੰ ਆਪਣੇ ਰਿਕਾਰਡ ਵਿੱਚ ਅਪਡੇਟ ਕਰੇਗੀ।**

**ਪੁਨਰਵਾਸ ਅਤੇ ਏਕੀਕਰਣ**

**ਸਬੰਧਤ ਅਧਿਕਾਰੀ ਕੋਲ ਕੇਸ ਰਜਿਸਟਰ ਕਰਵਾਉਣ ਅਤੇ ਅੱਗੇ ਵਧਾਉਣ ਦੀ ਕਾਰਵਾਈ ਦੇ ਨਾਲ ਨਾਲ, ਬੱਚੇ ਅਤੇ ਉਸ ਦੇ ਪਰਿਵਾਰ ਦੇ ਪੁਨਰਵਾਸ ਅਤੇ ਏਕੀਕਰਣ ਲਈ ਸੀ ਪੀ ਸੀ ਹੇਠਾਂ ਲਿਖੇ ਉਪਾਅ ਕਰੇਗੀ:**

- ਬੱਚਿਆਂ ਨੂੰ ਬਚਾਏ ਜਾਣ ਤੋਂ ਬਾਅਦ ਸਲਾਹ ਅਤੇ ਮੈਡੀਕਲ ਸਹਾਇਤਾ ਪ੍ਰਦਾਨ ਕਰਨਾ
- ਪੰਚਾਇਤ ਦੀ ਮਦਦ ਨਾਲ ਸਮਾਜਿਕ ਸੁਰੱਖਿਆ ਸਕੀਮਾਂ ਨਾਲ ਜੋੜਨਾ
- ਜੇਕਰ ਬੱਚਾ ਉਸੇ ਪਿੰਡ ਦਾ ਹੋਵੇ, ਤਾਂ ਉਸ ਦਾ ਬਾਲ ਸਮੂਹ ਦਾ ਹਿੱਸਾ ਬਣਨਾ ਸੁਨਿਸ਼ਚਿਤ ਕਰਨਾ
- ਜੇ ਲੋੜ ਹੋਵੇ ਤਾਂ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਤੋਂ ਕਾਨੂੰਨੀ ਸਹਾਇਤਾ ਲੈਣ ਵਿਚ ਸਹਾਇਤਾ ਪ੍ਰਦਾਨ ਕਰਨਾ

# ਸਕੂਲ ਵਿੱਚ ਸਰੀਰਕ ਦੰਡ



**ਪਰਿਭਾਸ਼ਾ:** ਸਰੀਰਕ ਦੰਡ ਨੂੰ ਬਾਲ ਅਧਿਕਾਰਾਂ ਤੇ ਸੰਯੁਕਤ ਰਾਸ਼ਟਰ ਕਮੇਟੀ ਦੁਆਰਾ ਇਸ ਤਰਾਂ ਪਰਿਭਾਸ਼ਿਤ ਕੀਤਾ ਗਿਆ ਹੈ: "ਕੋਈ ਵੀ ਸਜ਼ਾ, ਜਿਸ ਵਿੱਚ ਸਰੀਰਕ ਬਲ ਦਾ ਇਸਤੇਮਾਲ ਕੀਤਾ ਜਾਵੇ ਅਤੇ ਜਿਸ ਦਾ ਉਦੇਸ਼ ਦਰਦ ਜਾਂ ਬੇਆਰਾਮੀ ਦੇਣਾ ਹੋਵੇ, ਚਾਹੇ ਇਹ ਕਿੰਨੀ ਵੀ ਹਲਕੀ ਕਿਓਂ ਨਾ ਹੋਵੇ।" ਮੁਫਤ ਅਤੇ ਲਾਜ਼ਮੀ ਸਿੱਖਿਆ ਲਈ ਬਾਲ ਅਧਿਕਾਰ (RTE) ਐਕਟ, 2009 ਵੀ ਕਿਸੇ ਵੀ ਬੱਚੇ ਲਈ ਸਰੀਰਕ ਸਜ਼ਾ ਅਤੇ ਮਾਨਸਿਕ ਪ੍ਰੇਸ਼ਾਨੀ ਉੱਤੇ ਰੋਕ ਲਗਾਓਂਦਾ ਹੈ।

ਸਰੀਰਕ ਦੰਡ ਦੇ ਕੇਸਾਂ ਨਾਲ ਨਜਿੱਠਣ ਲਈ ਕਾਨੂੰਨ ਅਤੇ ਪ੍ਰਾਵਧਾਨ

- ਅਨੁਸੂਚਿਤ ਜਾਤੀ ਅਤੇ ਜਨਜਾਤੀ (ਅੱਤਿਆਚਾਰ ਨਿਵਾਰਣ) ਐਕਟ, 1989
- ਆਈ ਪੀ ਸੀ (IPC)
- ਮੁਫਤ ਅਤੇ ਲਾਜ਼ਮੀ ਸਿੱਖਿਆ ਲਈ ਬਾਲ ਅਧਿਕਾਰ ਐਕਟ, 2009
- ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ 2000
- ਸਕੂਲ ਵਿੱਚ ਸਰੀਰਕ ਦੰਡ ਖਤਮ ਕਰਣ ਤੇ NCPCR ਦੇ ਦਿਸ਼ਾ-ਨਿਰਦੇਸ਼

**ਸਕੂਲ ਵਿੱਚ ਸਰੀਰਕ ਦੰਡ ਦੇ ਮਾਮਲੇ ਵਿੱਚ ਸੀ ਪੀ ਸੀ ਦੁਆਰਾ ਚੁੱਕੇ ਜਾਣ ਵਾਲੇ ਕਦਮ**

**ਕਦਮ-I**

ਸਕੂਲ ਵਿੱਚ ਸਰੀਰਕ ਦੰਡ ਸਬੰਧੀ ਰਿਪੋਰਟ ਮਿਲਣ ਤੇ, ਸੀ ਪੀ ਸੀ :

- ਨਿਰਧਾਰਿਤ ਫਾਰਮੈਟ ਵਿੱਚ ਇਸ ਤੱਥ ਨੂੰ ਰਜਿਸਟਰ ਕਰੇਗੀ।
- ਅਜਿਹੀਆਂ ਘਟਨਾਵਾਂ ਦਾ ਆਪਣੇ ਹਿਸਾਬ ਨਾਲ ਹੱਲ ਸੋਚੇਗੀ।
- ਬੱਚੇ ਨਾਲ ਸਲਾਹ-ਮਸ਼ਵਰਾ ਕਰੇਗੀ।
- ਅਜਿਹੀਆਂ ਘਟਨਾਵਾਂ ਦੇ ਸਬੂਤ ਇੱਕਠੇ ਕਰੇਗੀ।

**ਕਦਮ-II**

ਸਕੂਲ ਵਿੱਚ ਸਰੀਰਕ ਦੰਡ ਦੇ ਮਾਮਲੇ ਵਿੱਚ ਸੀ ਪੀ ਸੀ ਨਿਮਨਲਿਖਿਤ ਅਧਿਕਾਰੀਆਂ ਨੂੰ ਰਿਪੋਰਟ ਕਰ ਸਕਦੀ ਹੈ::

- ਸਕੂਲ ਪ੍ਰਬੰਧਕ ਸਮਿਤੀ (SMC)
- ਸਬ ਡਿਵੀਜ਼ਨਲ ਮੈਜਿਸਟ੍ਰੇਟ (SDM)
- ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨਰ

**ਸੀ ਪੀ ਸੀ ਇਹ ਧਿਆਨ ਵਿੱਚ ਰੱਖੇਗੀ:**

- ਸਕੂਲ ਵਿੱਚ ਬਾਲ ਯੌਨ ਦੁਰਵਿਵਹਾਰ ਨਾਲ ਸਬੰਧਤ ਮਾਮਲਿਆਂ ਦੀ ਰਿਪੋਰਟ ਯੌਨ ਅਪਰਾਧਾਂ ਤੋਂ ਬਾਲ ਸੁਰੱਖਿਆ (POCSO) ਐਕਟ, 2012 ਦੇ ਅਧੀਨ ਨਿਰਧਾਰਤ ਵਿਧੀ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ (ਯੌਨ ਦੁਰਵਿਵਹਾਰ ਨੂੰ ਵੇਖੋ)।
- ਬੱਚੇ ਨੂੰ ਗੰਭੀਰ ਚੋਟ ਲੱਗਣ ਦੇ ਮਾਮਲੇ ਵਿੱਚ, ਸੀ ਪੀ ਸੀ ਪੁਲਿਸ ਨੂੰ ਰਿਪੋਰਟ ਕਰਣ ਤੇ ਵੀ ਵਿਚਾਰ ਕਰ ਸਕਦੀ ਹੈ।
- ਚੋਟ ਲਈ ਮੈਡੀਕਲ ਸਰਟੀਫਿਕੇਟ ਪ੍ਰਾਪਤ ਕਰਣ ਦੀ ਸਹੂਲਤ।

**ਕਦਮ-*III***

- ਇਹ ਸੁਨਿਸ਼ਚਿਤ ਕਰਨਾ ਕਿ ਸਕੂਲ ਵਿਚ ਸਰੀਰਕ ਸਜ਼ਾ ਖਤਮ ਕਰਣ 'ਤੇ NCPCR ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ। ਸਰੀਰਕ ਸਜ਼ਾ ਦੀ ਜਾਂਚ ਲਈ ਸਕੂਲ ਵਿਚ ਕਾਰਪੋਰਲ ਸਜ਼ਾ ਨਿਗਰਾਨੀ ਕਮੇਟੀ (CPMC) ਗਠਿਤ ਕੀਤੀ ਜਾਵੇ।
- ਜੇਕਰ ਸਕੂਲ ਪ੍ਰਬੰਧਕ ਕਮੇਟੀ/ ਜ਼ਿਲ੍ਹਾ ਸਿੱਖਿਆ ਅਫਸਰ/ ਐਸ. ਡੀ. ਐਮ ਉਚਿਤ ਕਾਰਵਾਈ ਕਰਣ ਵਿੱਚ ਅਸਫਲ ਹੋ ਜਾਣ, ਤਾਂ ਸੀ ਪੀ ਸੀ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨ/ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਕਮਿਸ਼ਨ ਨਾਲ ਵੀ ਸੰਪਰਕ ਕਰ ਸਕਦੀ ਹੈ।

**ਕਦਮ-*IV***

**ਸੀ ਪੀ ਸੀ ਨਿਮਨਲਿਖਿਤ ਦੇ ਨਾਲ ਸਹਿਯੋਗ ਕਰੇਗੀ**

- ਸਕੂਲ ਪ੍ਰਬੰਧਕ ਸਮਿਤੀ
- ਸਬ ਡਿਵੀਜ਼ਨਲ ਮੈਜਿਸਟ੍ਰੇਟ (SDM)
- ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਕਮਿਸ਼ਨਰ

**ਸੀ ਪੀ ਸੀ ਅੱਗੇ ਵਧਦੀ ਹਰ ਕਾਰਵਾਈ ਨੂੰ ਆਪਣੇ ਰਿਕਾਰਡ ਵਿੱਚ ਅਪਡੇਟ ਕਰੇਗੀ।**

**ਪੁਨਰਵਾਸ ਅਤੇ ਏਕੀਕਰਣ**

**ਸਬੰਧਤ ਅਧਿਕਾਰੀ ਕੋਲ ਕੇਸ ਰਜਿਸਟਰ ਕਰਵਾਓਣ ਅਤੇ ਅੱਗੇ ਵਧਾਓਣ ਦੀ ਕਾਰਵਾਈ ਦੇ ਨਾਲ ਨਾਲ, ਬੱਚੇ ਅਤੇ ਉਸ ਦੇ ਪਰਿਵਾਰ ਦੇ ਪੁਨਰਵਾਸ ਅਤੇ ਏਕੀਕਰਣ ਲਈ ਸੀ ਪੀ ਸੀ ਹੇਠਾਂ ਲਿਖੇ ਉਪਾਅ ਕਰੇਗੀ:**

- ਬੱਚੇ ਅਤੇ ਪਰਿਵਾਰ ਨੂੰ ਸਲਾਹ ਅਤੇ ਸਮਾਜਿਕ ਸਹਿਯੋਗ ਪ੍ਰਦਾਨ ਕਰਨਾ
- ਇਹ ਸੁਨਿਸ਼ਚਿਤ ਕਰਨਾ ਕਿ ਬੱਚਾ ਸਕੂਲ ਤੋਂ ਕੱਢਿਆ ਨਾ ਜਾਵੇ
- ਸਕੂਲ ਵਿੱਚ ਬਾਲ-ਅਨੁਕੂਲਿਤ ਵਾਤਾਵਰਣ ਪ੍ਰਦਾਨ ਕਰਣ ਲਈ ਐਸ ਐਮ ਸੀ ਮੈਂਬਰਾਂ ਅਤੇ ਸਕੂਲ ਦੇ ਪ੍ਰਸ਼ਾਸਨ ਨਾਲ ਸੰਪਰਕ ਵਿੱਚ ਰਹਿਣਾ
- ਬੱਚੇ ਦਾ ਬਾਲ ਸਮੂਹ ਦਾ ਹਿੱਸਾ ਬਣਨਾ ਸੁਨਿਸ਼ਚਿਤ ਕਰਨਾ
- ਜੇ ਲੋੜ ਹੋਵੇ ਤਾਂ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਤੋਂ ਕਾਨੂੰਨੀ ਸਹਾਇਤਾ ਲੈਣ ਵਿਚ ਸਹਾਇਤਾ ਪ੍ਰਦਾਨ ਕਰਨਾ
- ਇਹ ਨਿਗਰਾਨੀ ਕਰਨਾ ਕਿ ਸਕੂਲ ਪ੍ਰਸ਼ਾਸਨ ਵੱਲੋਂ ਸਰੀਰਕ ਦੰਡ, ਬਾਲ ਯੌਨ ਦੁਰਵਿਵਹਾਰ, ਮਾਨਸਿਕ ਪਰੇਸ਼ਾਨੀ ਅਤੇ ਭੇਦ-ਭਾਵ ਨੂੰ ਰੋਕਣ ਲਈ ਉਚਿਤ ਕਦਮ ਚੁੱਕੇ ਗਏ ਹਨ ਜਾਂ ਨਹੀਂ
- ਇਹ ਸੁਨਿਸ਼ਚਿਤ ਕਰਨਾ ਕਿ ਜਦੋਂ ਵੀ ਕਿਸੇ ਸਕੂਲ ਵਿੱਚ ਕੋਈ ਅਜਿਹੀ ਘਟਨਾ ਹੋਵੇ, ਤਾਂ 'ਪੀੜਤ ਬੱਚੇ' ਨੂੰ ਹਮੇਸ਼ਾ ਸੁਰੱਖਿਆ ਅਤੇ ਵਧੀਆ ਸੰਭਵ ਤੇਜ਼ ਦੇਖਭਾਲ - ਮੈਡੀਕਲ ਅਤੇ ਮਨੋਵਿਗਿਆਨਕ ਸਹਿਯੋਗ ਪ੍ਰਦਾਨ ਕੀਤਾ ਜਾਵੇ

# ਨਸ਼ੀਲੇ ਪਦਾਰਥਾਂ ਦਾ ਸੇਵਨ:

**ਪਰਿਭਾਸ਼ਾ:**



ਜਦੋਂ ਕੋਈ ਵਿਅਕਤੀ ਜਾਣ-ਬੁੱਝ ਕੇ ਪਾਬੰਦੀਸ਼ੁਦਾ ਪਦਾਰਥ (ਸ਼ਰਾਬ, ਤੰਬਾਕੂ, ਕੋਕੀਨ, ਭੰਗ, ਹੈਰੋਇਨ, ਗਾਂਜਾ, ਬੂਟੀ ਆਦਿ ਵਰਗੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥ) ਇਸਤੇਮਾਲ ਕਰਦਾ ਹੈ ਜਾਂ ਡਾਕਟਰ ਦੀ ਪਰਚੀ ਦੇ ਨਾਲ ਜਾਂ ਬਿਨਾਂ ਪਰਚੀ ਦੇ ਕੁਝ ਦਵਾਈਆਂ (ਖੰਘ ਦੀ ਦਵਾਈ, ਨੀਂਦ ਦੀਆਂ ਗੋਲੀਆਂ ਆਦਿ) ਦਾ ਜ਼ਰੂਰਤ ਤੋਂ ਅਧਿਕ ਮਾਤਰਾ ਵਿੱਚ ਇਸਤੇਮਾਲ ਕਰਦਾ ਹੈ ਤਾਂ ਇਸ ਨੂੰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨਾ ਕਿਹਾ ਜਾਂਦਾ ਹੈ।

ਨਸ਼ੀਲੇ ਪਦਾਰਥਾਂ ਦੇ ਸੇਵਨ ਦੇ ਕੇਸਾਂ ਨਾਲ ਨਜਿੱਠਣ ਲਈ ਕਾਨੂੰਨ ਅਤੇ ਪ੍ਰਾਵਧਾਨ

- ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ 2000
- ਨਾਰਕੋਟਿਕਸ ਡ੍ਰਗਸ ਅਤੇ ਸਾਈਕੋਟ੍ਰਾਪਿਕ ਸਬਸਟੈਂਸ ਅਬਿਯੂਜ਼ ਐਕਟ, 1985

**ਨਸ਼ੀਲੇ ਪਦਾਰਥਾਂ ਦੇ ਸੇਵਨ ਦੇ ਮਾਮਲੇ ਵਿੱਚ ਸੀ ਪੀ ਸੀ ਦੁਆਰਾ ਚੁੱਕੇ ਜਾਣ ਵਾਲੇ ਕਦਮ**

**ਕਦਮ-I**

ਨਸ਼ੀਲੇ ਪਦਾਰਥਾਂ ਦੇ ਸੇਵਨ ਸਬੰਧੀ ਰਿਪੋਰਟ ਮਿਲਣ ਤੇ, ਸੀ ਪੀ ਸੀ :

- ਨਿਰਧਾਰਿਤ ਫਾਰਮੈਟ ਵਿੱਚ ਇਸ ਤੱਥ ਨੂੰ ਰਜਿਸਟਰ ਕਰੇਗੀ।
- ਅਜਿਹੀਆਂ ਘਟਨਾਵਾਂ ਦਾ ਆਪਣੇ ਹਿਸਾਬ ਨਾਲ ਹੱਲ ਸੋਚੇਗੀ।
- ਬੱਚੇ ਅਤੇ ਪਰਿਵਾਰ ਨਾਲ ਸਲਾਹ-ਮਸ਼ਵਰਾ ਕਰੇਗੀ।
- ਅਜਿਹੀਆਂ ਘਟਨਾਵਾਂ ਦੇ ਸਬੂਤ ਇੱਕਠੇ ਕਰੇਗੀ।

**ਕਦਮ-II**

ਨਸ਼ੀਲੇ ਪਦਾਰਥਾਂ ਦੇ ਸੇਵਨ ਦੇ ਮਾਮਲੇ ਵਿੱਚ ਸੀ ਪੀ ਸੀ ਨਿਮਨਲਿਖਿਤ ਅਧਿਕਾਰੀਆਂ ਨੂੰ ਰਿਪੋਰਟ ਕਰ ਸਕਦੀ ਹੈ:

- ਮੈਡੀਕਲ ਟੈਸਟ ਅਤੇ ਜਾਂਚ ਲਈ ਬੱਚੇ ਨੂੰ ਕਿਸੇ ਸਮਰੱਥ ਅਧਿਕਾਰੀ ਨੂੰ ਵਿਖਾਓਣਾ
- ਮੈਡੀਕਲ ਰਿਪੋਰਟ ਦੇ ਨਾਲ ਕੇਸ ਦੀ ਰਿਪੋਰਟ ਬਾਲ ਕਲਿਆਣ ਸਮਿਤੀ (CWC) ਨੂੰ

ਕਰਨਾ (ਰਸੀਦ ਲਓ)

❖ ਸਥਾਨਕ ਪੁਲਿਸ ਸਟੇਸ਼ਨ ਵਿੱਚ ਰਿਪੋਰਟ ਦਰਜ ਕਰਾਓਣਾ (ਜੇਕਰ CWC ਤੱਕ ਨਾ ਪਹੁੰਚ ਪਾਓ)

**ਸੀ ਪੀ ਸੀ ਇਹ ਧਿਆਨ ਵਿੱਚ ਰੱਖੇਗੀ:**

❖ ਸਲਾਹ-ਮਸ਼ਵਰੇ, ਤੁਰੰਤ ਇਲਾਜ ਅਤੇ ਪੁਨਰਵਾਸ ਲਈ ਬੱਚੇ ਨੂੰ ਕਿਸੇ ਅਧਿਕ੍ਰਿਤ ਪੁਨਰਵਾਸ ਕੇਂਦਰ ਵਿੱਚ ਭੇਜਣ ਲਈ CWC/ਪੁਲਿਸ ਨੂੰ ਬੇਨਤੀ ਕਰਨਾ

❖ ਬੱਚੇ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੀ ਸੁਰੱਖਿਆ ਕਰਣ ਲਈ ਹਰ ਤਰਾਂ ਨਾਲ ਗੁਪਤਤਾ ਸੁਨਿਸ਼ਚਿਤ ਕਰਨਾ

❖ ਸਮਾਜਕ ਜਾਂਚ ਰਿਪੋਰਟ ਵਿਕਾਸ ਵਿੱਚ ਅਧਿਕਾਰੀਆਂ/ਜਾਂਚ ਟੀਮ ਦਾ ਸਹਿਯੋਗ ਕਰਨਾ

**ਕਦਮ-III**

**ਸੀ ਪੀ ਸੀ ਨਿਮਨਲਿਖਿਤ ਦੇ ਨਾਲ ਸਹਿਯੋਗ ਕਰੇਗੀ**

❖ ਬਾਲ ਕਲਿਆਣ ਸਮਿਤੀਆਂ (ਜੇਕਰ ਸੀ ਡਬਲਿਊ ਸੀ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)

❖ ਸਥਾਨਕ ਪੁਲਿਸ ਸਟੇਸ਼ਨ – ਜਾਂਚ ਅਧਿਕਾਰੀ (ਜੇਕਰ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)

❖ ਦੋਵਾਂ ਮਾਮਲਿਆਂ ਵਿੱਚ ਸ਼ਿਕਾਇਤ ਦੀ ਸਥਿਤੀ ਜਾਣਨ ਲਈ DCPO ਨਾਲ ਸੰਪਰਕ ਕੀਤਾ ਜਾ ਸਕਦਾ ਹੈ

❖ ਜੇਕਰ ਕੇਸ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ਤਾਂ SCPCR/NCPCR ਨੂੰ ਰਿਪੋਰਟ ਕੀਤਾ ਜਾਵੇ (ਜਮਾ ਕਰਾਏ ਗਏ ਸਾਰੇ ਦਸਤਾਵੇਜ਼ਾਂ ਦੀ ਰਸੀਦ ਦੇ ਨਾਲ ਲਿਖਤੀ ਰੂਪ ਵਿੱਚ)

**ਸੀ ਪੀ ਸੀ ਅੱਗੇ ਵਧਦੀ ਹਰ ਕਾਰਵਾਈ ਨੂੰ ਆਪਣੇ ਰਿਕਾਰਡ ਵਿੱਚ ਅਪਡੇਟ ਕਰੇਗੀ।**

**ਪੁਨਰਵਾਸ ਅਤੇ ਏਕੀਕਰਣ**

**ਸਬੰਧਤ ਅਧਿਕਾਰੀ ਕੋਲ ਕੇਸ ਰਜਿਸਟਰ ਕਰਵਾਓਣ ਅਤੇ ਅੱਗੇ ਵਧਾਓਣ ਦੀ ਕਾਰਵਾਈ ਦੇ ਨਾਲ ਨਾਲ, ਬੱਚੇ ਅਤੇ ਉਸ ਦੇ ਪਰਿਵਾਰ ਦੇ ਪੁਨਰਵਾਸ ਅਤੇ ਏਕੀਕਰਣ ਲਈ ਸੀ ਪੀ ਸੀ ਹੇਠਾਂ ਲਿਖੇ ਉਪਾਅ ਕਰੇਗੀ:**

- ਬੱਚੇ ਅਤੇ ਪਰਿਵਾਰ ਨੂੰ ਮਨੋਵਿਗਿਆਨਿਕ ਅਤੇ ਸਮਾਜਿਕ ਸਹਿਯੋਗ ਪ੍ਰਦਾਨ ਕਰਨਾ
- ਪੰਚਾਇਤ ਦੀ ਮਦਦ ਨਾਲ ਸਮਾਜਿਕ ਸੁਰੱਖਿਆ ਸਕੀਮਾਂ ਨਾਲ ਜੋੜਨਾ
- ਬੱਚੇ ਦਾ ਬਾਲ ਸਮੂਹ ਦਾ ਹਿੱਸਾ ਬਣਨਾ ਸੁਨਿਸ਼ਚਿਤ ਕਰਨਾ
- ਜੇ ਲੋੜ ਹੋਵੇ ਤਾਂ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਤੋਂ ਕਾਨੂੰਨੀ ਸਹਾਇਤਾ ਲੈਣ ਵਿਚ ਸਹਾਇਤਾ ਪ੍ਰਦਾਨ ਕਰਨਾ

# ਕੰਨਿਆ ਭਰੂਣ ਹੱਤਿਆ:



**ਪਰਿਭਾਸ਼ਾ :** ਕੰਨਿਆ ਭਰੂਣ ਹੱਤਿਆ ਦਾ ਅਰਥ ਹੈ ਗਰਭ ਵਿੱਚ ਹੀ ਭਰੂਣ ਨੂੰ ਖਤਮ ਕਰ ਦੇਣਾ, ਕਿਉਂਕਿ ਇਹ ਇੱਕ ਕੰਨਿਆ ਭਰੂਣ ਹੈ।

ਕੰਨਿਆ ਭਰੂਣ ਹੱਤਿਆ ਦੇ ਕੇਸਾਂ ਨਾਲ ਨਜਿੱਠਣ ਲਈ ਕਾਨੂੰਨ ਅਤੇ ਪ੍ਰਾਵਧਾਨ:

- ਪ੍ਰੀ- ਕੰਸੈਪਸ਼ਨ ਅਤੇ ਪ੍ਰੀ- ਨੇਟਲ ਡਾਇਗਨੋਸਟਿਕ ਤਕਨੀਕ ( ਲਿੰਗ ਚੋਣ ਦੀ ਮਨਾਹੀ) ਐਕਟ 1994 (PCPNDT ਐਕਟ)

**ਕੰਨਿਆ ਭਰੂਣ ਹੱਤਿਆ ਦੇ ਮਾਮਲੇ ਵਿੱਚ ਸੀ ਪੀ ਸੀ ਦੁਆਰਾ ਚੁੱਕੇ ਜਾਣ ਵਾਲੇ ਕਦਮ**

**ਕਦਮ-I**

ਕੰਨਿਆ ਭਰੂਣ ਹੱਤਿਆ ਸਬੰਧੀ ਰਿਪੋਰਟ ਮਿਲਣ ਤੇ, ਸੀ ਪੀ ਸੀ :

- ❖ ਨਿਰਧਾਰਿਤ ਫਾਰਮੈਟ ਵਿੱਚ ਇਸ ਤੱਥ ਨੂੰ ਰਜਿਸਟਰ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦਾ ਆਪਣੇ ਹਿਸਾਬ ਨਾਲ ਹੱਲ ਸੋਚੇਗੀ।
- ❖ ਅਜਿਹੀਆਂ ਘਟਨਾਵਾਂ ਦੇ ਸਬੂਤ ਇੱਕਠੇ ਕਰੇਗੀ।

**ਕਦਮ-II**

ਕੰਨਿਆ ਭਰੂਣ ਹੱਤਿਆ ਦੇ ਮਾਮਲੇ ਵਿੱਚ ਸੀ ਪੀ ਸੀ ਨਿਮਨਲਿਖਿਤ ਅਧਿਕਾਰੀਆਂ ਨੂੰ ਰਿਪੋਰਟ ਕਰ ਸਕਦੀ ਹੈ:

- ❖ ਕੇਸ ਦੀ ਰਿਪੋਰਟ ਬਾਲ ਕਲਿਆਣ ਸਮਿਤੀ (CWC) ਨੂੰ ਕਰਨਾ (ਰਸੀਦ ਲਓ)
- ❖ ਸਥਾਨਕ ਪੁਲਿਸ ਸਟੇਸ਼ਨ ਵਿੱਚ ਰਿਪੋਰਟ ਦਰਜ ਕਰਾਓਣਾ (ਜੇਕਰ CWC ਤੱਕ ਨਾ ਪਹੁੰਚ ਪਾਓ)

**ਸੀ ਪੀ ਸੀ ਇਹ ਧਿਆਨ ਵਿੱਚ ਰੱਖੇਗੀ:**

- ❖ ਜਾਂਚ ਪ੍ਰਕਿਰਿਆ ਵਿੱਚ ਅਧਿਕਾਰੀਆਂ/ਜਾਂਚ ਟੀਮ ਦਾ ਸਹਿਯੋਗ ਕਰਨਾ
- ❖ ਅਧਿਕਾਰੀਆਂ ਨੂੰ ਸਾਰੇ ਜ਼ਰੂਰੀ ਦਸਤਾਵੇਜ਼ ਅਤੇ ਜਾਣਕਾਰੀ ਪ੍ਰਦਾਨ ਕਰਨਾ

***ਕਦਮ-III***

**ਸੀ ਪੀ ਸੀ ਨਿਮਨਲਿਖਿਤ ਦੇ ਨਾਲ ਸਹਿਯੋਗ ਕਰੇਗੀ**

- ਬਾਲ ਕਲਿਆਣ ਸਮਿਤੀਆਂ (ਜੇਕਰ ਸੀ ਡਬਲਿਊ ਸੀ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)
- ਸਥਾਨਕ ਪੁਲਿਸ ਸਟੇਸ਼ਨ – ਜਾਂਚ ਅਧਿਕਾਰੀ (ਜੇਕਰ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)
- ਦੋਵਾਂ ਮਾਮਲਿਆਂ ਵਿੱਚ ਸ਼ਿਕਾਇਤ ਦੀ ਸਥਿਤੀ ਜਾਣਨ ਲਈ DCPO ਨਾਲ ਸੰਪਰਕ ਕੀਤਾ ਜਾ ਸਕਦਾ ਹੈ
- ਜੇਕਰ ਕੇਸ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ਤਾਂ SCPCR/NCPCR ਨੂੰ ਰਿਪੋਰਟ ਕੀਤਾ ਜਾਵੇ (ਜਮਾ ਕਰਾਏ ਗਏ ਸਾਰੇ ਦਸਤਾਵੇਜ਼ਾਂ ਦੀ ਰਸੀਦ ਦੇ ਨਾਲ ਲਿਖਤੀ ਰੂਪ ਵਿੱਚ)

**ਸੀ ਪੀ ਸੀ ਅੱਗੇ ਵਧਦੀ ਹਰ ਕਾਰਵਾਈ ਨੂੰ ਆਪਣੇ ਰਿਕਾਰਡ ਵਿੱਚ ਅਪਡੇਟ ਕਰੇਗੀ।**

# ਯੌਨ ਅਪਰਾਧ:



**ਪਰਿਭਾਸ਼ਾ:** ਯੌਨ ਅਪਰਾਧ ਸ਼ਬਦ ਨੂੰ ਕਈ ਤਰਾਂ ਦੇ ਅਪਰਾਧਾਂ ਜਿਵੇਂ ਬਲਾਤਕਾਰ, ਯੌਨ ਉਤਪੀੜਨ, ਜਿਣਸੀ ਹਮਲਾ ਆਦਿ ਲਈ ਵਰਤਿਆ ਜਾ ਸਕਦਾ ਹੈ। ਯੌਨ ਅਪਰਾਧਾਂ ਤੋਂ ਬਾਲ ਸੁਰੱਖਿਆ ਐਕਟ 2012 ਦੇ ਲਾਗੂ ਹੋਣ ਤੋਂ ਪਹਿਲਾਂ, ਬੱਚਿਆਂ ਦੇ ਵਿਰੁੱਧ ਯੌਨ ਅਪਰਾਧ ਭਾਰਤੀ ਦੰਡ ਸੰਹਿਤਾ ਦੇ ਤਹਿਤ ਆਓਂਦੇ ਸਨ। ਆਈ ਪੀ ਸੀ ਬੱਚਿਆਂ ਦੇ ਖਿਲਾਫ ਹਰ ਕਿਸਮ ਦੇ ਯੌਨ ਅਪਰਾਧਾਂ ਲਈ ਮਦਦ ਮੁਹੱਈਆ ਨਹੀਂ ਕਰਦਾ ਅਤੇ ਹੋਰ ਵੀ ਮਹੱਤਵਪੂਰਣ ਗੱਲ ਇਹ ਹੈ ਕਿ ਇਹ ਬਾਲਗ ਅਤੇ ਬੱਚੇ ਵਿੱਚ ਭੇਦ ਨਹੀਂ ਕਰਦਾ।

POCSO ਐਕਟ ਬੱਚਿਆਂ ਨੂੰ ਹਰ ਤਰਾਂ ਦੇ ਯੌਨ ਅਪਰਾਧਾਂ ਜਿਵੇਂ ਯੌਨ ਉਤਪੀੜਨ, ਜਿਣਸੀ ਪਰੇਸ਼ਾਨੀ, ਅਸ਼ਲੀਲ ਸਾਹਿਤ ਆਦਿ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।

POCSO ਐਕਟ ਦੇ ਤਹਿਤ ਬੱਚਿਆਂ ਵਿਰੁੱਧ ਵੱਖ-ਵੱਖ ਤਰਾਂ ਦੇ ਯੌਨ ਅਪਰਾਧ ਇਸ ਤਰਾਂ ਹਨ: ਛੇਦਕ ਯੌਨ ਉਤਪੀੜਨ, ਸੰਗੀਨ ਛੇਦਕ ਯੌਨ ਉਤਪੀੜਨ, ਯੌਨ ਉਤਪੀੜਨ, ਸੰਗੀਨ ਯੌਨ ਉਤਪੀੜਨ, ਜਿਣਸੀ ਪਰੇਸ਼ਾਨੀ।

ਯੌਨ ਅਪਰਾਧਾਂ ਦੇ ਕੇਸਾਂ ਨਾਲ ਨਜਿੱਠਣ ਲਈ ਕਾਨੂੰਨ ਅਤੇ ਪ੍ਰਾਵਧਾਨ

- ਯੌਨ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਐਕਟ, 2012
- ਅਪਰਾਧਿਕ ਸੰਸ਼ੋਧਨ ਐਕਟ
- ਬਾਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ 2000

**ਯੌਨ ਅਪਰਾਧਾਂ ਦੇ ਮਾਮਲੇ ਵਿੱਚ ਸੀ ਪੀ ਸੀ ਦੁਆਰਾ ਚੁੱਕੇ ਜਾਣ ਵਾਲੇ ਕਦਮ**

**ਕਦਮ-1**

ਯੌਨ ਅਪਰਾਧ ਸਬੰਧੀ ਰਿਪੋਰਟ ਮਿਲਣ ਤੇ, ਸੀ ਪੀ ਸੀ :

- ❖ ਨਿਰਧਾਰਿਤ ਫਾਰਮੈਟ ਵਿੱਚ ਇਸ ਤੱਥ ਨੂੰ ਰਜਿਸਟਰ ਕਰੇਗੀ।
- ❖ ਅਜਿਹੀਆਂ ਘਟਨਾਵਾਂ ਦਾ ਆਪਣੇ ਹਿਸਾਬ ਨਾਲ ਹੱਲ ਸੋਚੇਗੀ।
- ❖ ਬੱਚੇ ਅਤੇ ਪਰਿਵਾਰ ਨਾਲ ਸਲਾਹ-ਮਸ਼ਵਰਾ ਕਰੇਗੀ।

- ❖ ਅਜਿਹੀਆਂ ਘਟਨਾਵਾਂ ਦੇ ਸਬੂਤ ਇੱਕਠੇ ਕਰੇਗੀ।

**ਕਦਮ-II**

ਯੌਨ ਅਪਰਾਧ ਦੇ ਮਾਮਲੇ ਵਿੱਚ ਸੀ ਪੀ ਸੀ ਨਿਮਨਲਿਖਿਤ ਅਧਿਕਾਰੀਆਂ ਨੂੰ ਰਿਪੋਰਟ ਕਰ ਸਕਦੀ ਹੈ:

- ❖ ਪੁਲਿਸ (ਬਾਲ ਕਲਿਆਣ ਅਧਿਕਾਰੀ) &
- ❖ ਬਾਲ ਕਲਿਆਣ ਸਮਿਤੀ

**ਸੀ ਪੀ ਸੀ ਇਹ ਧਿਆਨ ਵਿੱਚ ਰੱਖੇਗੀ:**

- ❖ ੨੪ ਘੰਟਿਆਂ ਦੇ ਅੰਦਰ-ਅੰਦਰ ਐਫ ਆਈ ਆਰ ਦਰਜ ਕਰਵਾਓਣਾ ਸੁਨਿਸ਼ਚਿਤ ਕਰਨਾ
- ❖ ਅਧਿਕਾਰੀਆਂ ਨੂੰ ਸਾਰੇ ਜ਼ਰੂਰੀ ਦਸਤਾਵੇਜ਼ ਅਤੇ ਜਾਣਕਾਰੀ ਪ੍ਰਦਾਨ ਕਰਨਾ
- ❖ ਬੱਚੇ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੀ ਸੁਰੱਖਿਆ ਲਈ ਹਰ ਤਰਾਂ ਨਾਲ ਗੁਪਤਤਾ ਸੁਨਿਸ਼ਚਿਤ ਕਰਨਾ
- ❖ ਸਮਾਜਿਕ ਜਾਂਚ ਰਿਪੋਰਟ ਵਿਕਾਸ ਵਿੱਚ ਅਧਿਕਾਰੀਆਂ/ਜਾਂਚ ਟੀਮ ਦਾ ਸਹਿਯੋਗ ਕਰਨਾ

**ਕਦਮ-*III***

**ਸੀ ਪੀ ਸੀ ਨਿਮਨਲਿਖਿਤ ਦੇ ਨਾਲ ਸਹਿਯੋਗ ਕਰੇਗੀ**

- ❖ ਪੁਲਿਸ– (ਜੇਕਰ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)
- ❖ ਬਾਲ ਕਲਿਆਣ ਸਮਿਤੀਆਂ (ਜੇਕਰ ਸੀ ਡਬਲਿਊ ਸੀ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ)
- ❖ ਦੋਵਾਂ ਮਾਮਲਿਆਂ ਵਿੱਚ ਸ਼ਿਕਾਇਤ ਦੀ ਸਥਿਤੀ ਜਾਣਨ ਲਈ DCPO ਨਾਲ ਸੰਪਰਕ ਕੀਤਾ ਜਾ ਸਕਦਾ ਹੈ
- ❖ ਜੇਕਰ ਕੇਸ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ਤਾਂ SCPCR/NCPCR ਨੂੰ ਰਿਪੋਰਟ ਕੀਤਾ ਜਾਵੇ (ਜਮਾ ਕਰਾਏ ਗਏ ਸਾਰੇ ਦਸਤਾਵੇਜ਼ਾਂ ਦੀ ਰਸੀਦ ਦੇ ਨਾਲ ਲਿਖਤੀ ਰੂਪ ਵਿੱਚ)

**ਸੀ ਪੀ ਸੀ ਅੱਗੇ ਵਧਦੀ ਹਰ ਕਾਰਵਾਈ ਨੂੰ ਆਪਣੇ ਰਿਕਾਰਡ ਵਿੱਚ ਅਪਡੇਟ ਕਰੇਗੀ।**

**ਪੁਨਰਵਾਸ ਅਤੇ ਏਕੀਕਰਣ**

**ਸਬੰਧਤ ਅਧਿਕਾਰੀ ਕੋਲ ਕੇਸ ਰਜਿਸਟਰ ਕਰਵਾਓਣ ਅਤੇ ਅੱਗੇ ਵਧਾਓਣ ਦੀ ਕਾਰਵਾਈ ਦੇ ਨਾਲ ਨਾਲ, ਬੱਚੇ ਅਤੇ ਉਸ ਦੇ ਪਰਿਵਾਰ ਦੇ ਪੁਨਰਵਾਸ ਅਤੇ ਏਕੀਕਰਣ ਲਈ ਸੀ ਪੀ ਸੀ ਹੇਠਾਂ ਲਿਖੇ ਉਪਾਅ ਕਰੇਗੀ:**

- ਬੱਚੇ ਅਤੇ ਪਰਿਵਾਰ ਨੂੰ ਮਨੋਵਿਗਿਆਨਿਕ ਅਤੇ ਸਮਾਜਿਕ ਸਹਿਯੋਗ ਪ੍ਰਦਾਨ ਕਰਨਾ
- ਪੰਚਾਇਤ ਦੀ ਮਦਦ ਨਾਲ ਸਮਾਜਿਕ ਸੁਰੱਖਿਆ ਸਕੀਮਾਂ ਨਾਲ ਜੋੜਨਾ
- ਬੱਚੇ ਦਾ ਬਾਲ ਸਮੂਹ ਦਾ ਹਿੱਸਾ ਬਣਨਾ ਸੁਨਿਸ਼ਚਿਤ ਕਰਨਾ
- ਜੇ ਲੋੜ ਹੋਵੇ ਤਾਂ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਤੋਂ ਕਾਨੂੰਨੀ ਸਹਾਇਤਾ ਲੈਣ ਵਿਚ ਸਹਾਇਤਾ ਪ੍ਰਦਾਨ ਕਰਨਾ

**ਅਨੁਬੰਧ I**

**ਸੀ ਪੀ ਸੀ ਦੇ ਉਪਯੋਗ ਲਈ ਰਜਿਸਟ੍ਰੇਸ਼ਨ ਫਾਰਮ:**

ਤਾਰੀਖ ..................... ਸਮਾਂ....................................

ਕੇਸ ਆਈ ਡੀ ..........................................................................................

ਰਿਹਾਇਸ਼/ਪਿੰਡ ਦਾ ਨਾਮ ..............................................................................

ਮੁਖ਼ਬਰ ਦਾ ਨਾਮ ....................................................................................

ਕੇਸ ਦੀ ਸ਼੍ਰੇਣੀ (ਸ਼ਿਕਾਇਤ ਦੀ ਕਿਸਮ)..............................................

**ਕੇਸ ਦਾ ਵਿਵਰਣ** ...................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

**ਕੇਸ ਦੀ ਰਿਪੋਰਟ ਨਿਮਨ ਨੂੰ ਕੀਤੀ ਗਈ..........................................................**

**ਸੀ ਪੀ ਸੀ ਦੇ ਹਸਤਾਖਰ**

ਅਨੁਬੰਧ 2

ਸਬੰਧਤ ਅਧਿਕਾਰੀਆਂ ਦੇ ਸਾਹਮਣੇ ਬੱਚੇ ਨੂੰ ਪੇਸ਼ ਕਰਣ ਲਈ ਅਰਜ਼ੀ

ਪੱਤਰ ਸੰ.

ਤਾਰੀਖ:..................

ਸੀ ਪੀ ਸੀ ਦਾ ਨਾਮ ..............................................

ਪਿੰਡ ਦਾ ਨਾਮ .....................ਮੰਡਲ ................

ਜ਼ਿਲ੍ਹਾ ..................

ਰੈਫ.:

ਵਿਸ਼ਾ:

ਸ਼੍ਰੀ ਮਾਨ/ਮਤੀ ਜੀ,

ਅਸੀਂ ................ ਪਿੰਡ ਦੀ ਬਾਲ ਸੁਰੱਖਿਆ ਸਮਿਤੀ ਦੀ ਨੁਮਾਇੰਦਗੀ ਕਰਦੇ ਹਾਂ ਅਤੇ ............ .................. ਪੀ/ਐੱਸ ਦੇ ਅਧੀਨ ਤੁਹਾਡੇ ਅਵਲੋਕਣ ਅਤੇ ਕਾਰਵਾਈ ਲਈ ਬੱਚੇ ਨੂੰ ਪੇਸ਼ ਕਰਦੇ ਹਾਂ, ਜਿਸ ਦਾ ਨਾਮ ..................., ਪੁੱਤਰ ... ... ... ... ... ... ... ... ... ... ... ... . . , ਉਮਰ ... ... ... ... ... ... ... ... ... ... ... ... ... ... ... ... . . ਹੈ ਅਤੇ ਓਹ ......................... ਪਿੰਡ ਦਾ ਰਹਿਣ ਵਾਲਾ ਹੈ.

ਤੁਹਾਡੇ ਹਵਾਲੇ ਲਈ ਅਸੀਂ ਨਿਮਨਲਿਖਿਤ ਦਸਤਾਵੇਜ਼ ਪੇਸ਼ ਕਰ ਰਹੇ ਹਾਂ

ਪ੍ਰੈਜ਼ੀਡੈਂਟ/ਸੈਕਰੇਟ੍ਰੀ ਦੇ ਹਸਤਾਖਰ
ਸੀ ਪੀ ਸੀ

Save the Children®

**Punjab & Haryana State Programme**

Office : Plot No. 7, MS Enclave,
Dhakauli, Zirakpur, Punjab

Printed at : Azad Offset Printers, 144, Press Site, Ind. Area-1, Chandigarh, 9814011543, 9814111543 9914111543